

Mayor's Office of Immigrant Affairs

# ਮੇਅਰ ਡੀ ਬਲਾਸਿਓ ਅਤੇ ਸਪੀਕਰ ਮਾਰਕ-ਵਿਵਰਿਟੋ ਵਲੋਂ ਨਿਊ ਯਾਰਕ ਦੇ ਪਰਵਾਸੀਆਂ ਨੂੰ ਸੁਨੇਹਾ

"ਇਸ ਅਨਿਸ਼ਚਿਤ ਸਮੇਂ ਦੇ ਦੌਰਾਨ, ਸਾਨੂੰ ਖੁਦ ਨੂੰ ਯਾਦ ਦਿਵਾਉਣਾ ਜ਼ਰੂਰੀ ਹੈ ਕਿ ਇੱਕ ਸ਼ਹਿਰ ਦੇ ਤੌਰ ਤੇ ਅਸੀਂ ਕੌਣ ਹਾਂ, ਅਤੇ ਸਾਨੂੰ ਆਪਣੀ ਮਾਨਤਾਵਾਂ ਨੂੰ ਸਥਿਰ ਰੱਖਣਾ ਚਾਹੀਦਾ ਹੈ। ਵਿਪਦਾ ਦੇ ਵੇਲੇ ਵਿੱਚ ਕੜੀ ਮਿਹਨਤ, ਸਨਮਾਨ ਅਤੇ ਏਕਤਾ ਸਾਨੂੰ ਨਿਊ ਯਾਰਕ ਦੇ ਵਾਸੀਆਂ ਦੇ ਤੌਰ ਤੇ ਪਾਰਿਭਾਸ਼ਤ ਕਰਦੀ ਹੈ ਅਤੇ ਇਹ ਨਹੀਂ ਬਦਲੇਗਾ, ਭਾਵੇਂ ਸਾਡਾ ਰਾਸ਼ਟਰਪਤੀ ਕੋਈ ਵੀ ਹੋਵੇ। ਸਾਡੇ ਪਰਵਾਸੀਆਂ ਨਾਲ ਖੜ੍ਹੇ ਹੋਣ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਸਾਡੀ ਵਚਨਬੱਧਤਾ ਪਹਿਲਾਂ ਤੋਂ ਕਿਧਰੇ ਵਧੇਰੀ ਹੈ। ਹਮੇਸ਼ਾ ਦੀ ਤਰ੍ਹਾਂ, ਸ਼ਹਿਰ ਨਿਊ ਯਾਰਕ ਸਾਡੇ ਪਰਵਾਸੀ ਭੈਣ-ਭਰਾਵਾਂ ਨੂੰ ਬਚਾਉਣ ਅਤੇ ਉਨ੍ਹਾਂ ਦੀ ਰੱਖਿਆ ਕਰਨ ਲਈ ਤਿਆਰ ਹੈ। ਅਸੀਂ ਤੁਹਾਡੇ ਤੋਂ ਮੂੰਹ ਕਦੇ ਵੀ ਨਹੀਂ ਮੋੜਾਂਗੇ।"

**ਇਹ ਸਰੋਤ ਗਾਈਡ ਸਾਰੇ ਨਿਊ ਯਾਰਕ ਵਾਸੀਆਂ ਲਈ ਉਪਲਬਧ ਸ਼ਹਿਰੀ ਸੇਵਾਵਾਂ ਦਾ ਇੱਕ ਤੇਜ਼ ਅਤੇ ਅਸਾਨ ਰੋਡ ਮੈਪ ਹੈ।**

## ਨਿਊ ਯਾਰਕ ਦੇ ਪਰਵਾਸੀਆਂ ਲਈ ਸੰਸਾਧਨ

**ਨਿਊ ਯਾਰਕ ਸ਼ਹਿਰ ਆਪਣੇ ਸਾਰੇ ਨਿਵਾਸੀਆਂ ਨੂੰ ਸਹਿਯੋਗ ਦਿੰਦਾ ਹੈ।** ਜ਼ਿਆਦਾਤਰ ਸ਼ਹਿਰੀ ਸੇਵਾਵਾਂ ਹਰੇਕ ਲਈ ਉਪਲਬਧ ਹਨ, ਜਿਸ ਵਿੱਚ ਬਿਨਾਂ ਕਾਗਜ਼ੀ ਕਾਰਵਾਈ ਵਾਲੇ ਪਰਵਾਸੀ ਵੀ ਸ਼ਾਮਲ ਹਨ, ਜਿਵੇਂ ਕਿ ਸਕੂਲ ਜਾਣਾ ਜਾ ਸਿਹਤ ਦੇਖਭਾਲ ਸਿਸਟਮ ਜਾਂ ਹੋਰ ਸੇਵਾਵਾਂ ਦੀ ਵਰਤੋ ਕਰਨਾ। ਸ਼ਹਿਰੀ ਕਰਮਚਾਰੀ ਪਰਵਾਸੀ ਸਥਿਤੀ ਬਾਰੇ ਨਹੀਂ ਪੁਛਣਗੇ ਜਦੋਂ ਤੱਕ ਕਿ ਅਜਿਹਾ ਕਰਨਾ ਉਨ੍ਹਾਂ ਦੇ ਕੰਮ ਕਰਨ ਲਈ ਜ਼ਰੂਰੀ ਨਾ ਹੋ ਜਾਏ। ਉਨ੍ਹਾਂ ਦਾ ਪਰਵਾਸੀ ਸਥਿਤੀ ਨੂੰ ਗੁਪਤ ਬਣਾਈ ਰੱਖਣਾ ਜ਼ਰੂਰੀ ਹੈ।

### IDNYC

- IDNYC ਸਾਰੇ ਨਿਊ ਯਾਰਕ ਵਾਸੀਆਂ ਲਈ ਸ਼ਹਿਰੀ ਪਛਾਣ ਕਾਰਡ ਹੈ। IDNYC ਪਰਵਾਸੀ ਸਥਿਤੀ ਬਾਰੇ ਜਾਣਕਾਰੀ ਇਕੱਠੀ ਨਹੀਂ ਕਰਦਾ, ਅਤੇ ਅਸੀਂ ਬਿਨੈਕਾਰ ਦੀ ਜਾਣਕਾਰੀ ਨੂੰ ਗੁਪਤ ਰੱਖਦੇ ਹਾਂ। ਸ਼ਹਿਰ ਕਾਨੂੰਨ ਦੀ ਪੂਰੀ ਹੱਦ ਤੱਕ IDNYC ਜਾਣਕਾਰੀ ਦੀ ਰੱਖਿਆ ਕਰੇਗਾ।

### ਪੜ੍ਹਾਈ

- 4 ਸਾਲ ਦੇ ਬੱਚੇ ਜਾਂ ਜਿਹੜੇ ਬੱਚੇ 4 ਸਾਲ ਦੇ ਹੋਣ ਵਾਲੇ ਹਨ, ਉਹ Pre-K (ਪ੍ਰੀ-ਕਿੰਡਰਗਾਰਟਨ) ਲਈ ਯੋਗ ਹਨ। ਸਾਰੇ ਵਸਨੀਕਾਂ ਨੂੰ 5 ਸਾਲ ਦੀ ਉਮਰ ਤੋਂ ਗ੍ਰੈਜੂਏਸ਼ਨ ਤੱਕ ਜਾਂ ਉਨ੍ਹਾਂ ਦੇ 21 ਵਰ੍ਹਿਆਂ ਦੇ ਹੋਣ ਤੱਕ ਸਕੂਲ ਸਾਲ ਦੇ ਅਖ਼ੀਰ ਤੱਕ ਪਬਲਿਕ ਸਕੂਲ ਵਿੱਚ ਜਾਉਣ ਦਾ ਹੱਕ ਹੈ। ਅੰਗਰੇਜ਼ੀ ਸਿੱਖਣ ਵਾਲਿਆਂ ਲਈ ਕਲਾਸਾਂ ਉਪਲਬਧ ਹਨ।

### ਸਿਹਤ ਦੇਖਭਾਲ

- ਘੱਟ-ਲਾਗਤ ਵਾਲੀ ਐਮਰਜੈਂਸੀ (ਸੰਕਟਕਾਲੀ) ਅਤੇ ਗੈਰ-ਐਮਰਜੈਂਸੀ ਸਿਹਤ ਸੰਭਾਲ ਸਾਰਿਆਂ ਲਈ ਜਨਤਕ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਅਤੇ ਹੋਰ ਕਿਫਾਇਤੀ ਕਲੀਨਿਕਾਂ ਵਿੱਚ ਉਪਲਬਧ ਹੈ।
- NYC Well (ਵੈੱਲ) ਮਾਨਸਿਕ ਸਿਹਤ ਸੰਭਾਲ ਲਈ ਇੱਕ ਮੁਫ਼ਤ, ਗੁਪਤ ਕਨੈਕਸ਼ਨ ਹੈ, ਜੋ 200 ਤੋਂ ਵੱਧ ਭਾਸ਼ਾਵਾਂ ਵਿੱਚ, ਦਿਨ ਵਿੱਚ ਕਿਸੀ ਵੀ ਵੇਲੇ ਉਪਲਬਧ ਹੈ। 1-888-NYC-Well 'ਤੇ ਕਾਲ ਕਰੋ, WELL ਨੂੰ 65173 'ਤੇ ਟੈਕਸਟ ਕਰੋ, ਜਾਂ nyc.gov/nycwell 'ਤੇ ਜਾਓ।

### ਬੱਚੇ ਦੀ ਦੇਖਭਾਲ

- 6 ਹਫ਼ਤਿਆਂ ਤੋਂ ਲੈ ਕੇ 12 ਸਾਲ ਦੇ ਬੱਚਿਆਂ ਦੇ ਘੱਟ ਆਮਦਨੀ ਵਾਲੇ ਪਰਿਵਾਰ ਮੁਫ਼ਤ ਜਾਂ ਘੱਟ ਕੀਮਤ ਵਾਲੀ ਬੱਚਾ ਦੇਖਭਾਲ ਪ੍ਰਾਪਤ ਕਰ ਸਕਦੇ ਹਨ।

### ਐਮਰਜੈਂਸੀ (ਸੰਕਟਕਾਲੀ) ਭੋਜਨ ਅਤੇ ਸ਼ਰਨ ਦੀ ਥਾਂ

- NYC ਭਰ ਵਿੱਚ ਕਈ ਟਿਕਾਣੇ ਲੋੜਮੰਦ ਲੋਕਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਉਂਦੇ ਹਨ।
- Homebase (ਹੋਮਬੇਸ) ਪ੍ਰੋਗਰਾਮ ਵਸਨੀਕਾਂ ਨੂੰ ਸ਼ਰਨ ਲੈਣ ਵਾਲੇ ਸਿਸਟਮ ਵਿੱਚ ਦਾਖਲ ਹੋਣ ਤੋਂ ਬਚਣ ਵਿੱਚ ਮਦਦ ਕਰ ਸਕਦੇ ਹਨ।

### ਸਾਰਵਜਨਿਕ ਸੁਰੱਖਿਆ

- ਸਿਟੀ ਇਮੀਗ੍ਰੇਸ਼ਨ ਨੂੰ ਲਾਗੂ ਕਰਨ ਦਾ ਸੰਚਾਲਨ ਨਹੀ ਕਰਦੀ। NYPD ਅਪਰਾਧ ਪੀੜਤ, ਗਵਾਹ, ਜਾਂ ਹੋਰ ਲੋਕ, ਜੋ ਮਦਦ ਦੀ ਮੰਗ ਕਰਦੇ ਹਨ, ਤੋਂ ਉਨ੍ਹਾਂ ਦੇ ਇਮੀਗ੍ਰੇਸ਼ਨ ਦੇ ਰੁਤਬੇ ਬਾਰੇ ਨਹੀਂ ਪੁੱਛਦਾ।
- ਕੋਈ ਵੀ ਵਿਅਕਤੀ ਜੋ ਨਸਲੀ ਅਪਰਾਧ ਦਾ ਸ਼ਿਕਾਰ ਹੋਇਆ ਹੈ, ਜਾਂ ਜਿਸਨੂੰ ਪੱਕਾ ਯਕੀਨ ਨਹੀਂ ਹੈ, ਨੂੰ NYPD ਨਾਲ ਸੰਪਰਕ ਕਰਨਾ ਚਾਹੀਦਾ ਹੈ। NYPD ਦੀ Hate Crimes Task Force (ਨਸਲੀ ਅਪਰਾਧ ਲਈ ਟਾਸਕ ਫੋਰਸ) ਨਾਲ ਸਿੱਧੇ, (646) 610-5267 'ਤੇ ਸੰਪਰਕ ਕਰੋ।

### ਇਮੀਗ੍ਰੇਸ਼ਨ ਕਾਨੂੰਨੀ ਮਦਦ

- ਮੁਫ਼ਤ, ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ActionNYC ਦੁਆਰਾ ਉਪਲਬਧ ਹੈ। ActionNYC ਦੀ ਹੌਟਲਾਈਨ ਨੂੰ ਕਾਰੋਬਾਰ ਦੇ ਘੰਟਿਆਂ ਦੌਰਾਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ 1-800-354-0365 'ਤੇ ਫੋਨ ਕਰੋ।
- ਬਗੈਰ ਲਾਈਸੈਂਸ ਵਾਲੇ ਪਰਵਾਸੀ ਸੇਵਾ ਪ੍ਰਦਾਤਾਵਾਂ ਕੋਲੋਂ ਸਾਵਧਾਨ ਰਹੋ ਜੋ ਆਪਣੇ ਗਾਹਕਾਂ ਦਾ ਫਾਇਦਾ ਚੁੱਕਦੇ ਹਨ। ਕਿਸੇ ਭਰੋਸੇਯੋਗ, ਲਾਈਸੈਂਸਸ਼ੁਦਾ ਵਕੀਲ, ਜਾਂ ਮਾਨਤਾ ਪ੍ਰਾਪਤ ਨੁਮਾਇੰਦੇ ਤੋਂ ਹੀ ਮਦਦ ਪ੍ਰਾਪਤ ਕਰੋ। ਇਸ ਬਾਰੇ ਸਵਾਲਾਂ ਲਈ, New Americans (ਨਿਊ ਅਮਰੀਕਨ) ਹੌਟਲਾਈਨ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮੀ 8 ਵਜੇ ਦੇ ਦੌਰਾਨ 1-800-566-7636 'ਤੇ ਕਾਲ ਕਰੋ।

### ਵਿਤਕਰੇ ਤੋਂ ਰੱਖਿਆ

- ਨਿਊ ਯਾਰਕ ਵਾਸੀਆਂ ਨੂੰ ਕੰਮ ਦੀ ਥਾਂ ਤੇ, ਰਿਹਾਇਸ਼ ਵਿੱਚ ਅਤੇ ਜਨਤਕ ਥਾਂਵਾਂ ਤੇ ਗੈਰ ਕਾਨੂੰਨੀ ਵਿਤਕਰੇ, ਬਦਲਾ ਲੈਣ, ਅਤੇ ਪਰੇਸ਼ਾਨੀ ਤੋਂ ਮੁਕਤ ਰਹਿਣ ਦਾ ਅਧਿਕਾਰ ਹੈ।
- ਇੱਕ ਸ਼ਿਕਾਇਤ ਦਾਇਰ ਕਰਨ ਲਈ ਜਾਂ ਹੋਰ ਜਾਣਨ ਲਈ, 311 ਤੇ ਕਾਲ ਕਰੋ ਜਾਂ (718) 722-3131 'ਤੇ NYC ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਨੂੰ ਕਾਲ ਕਰੋ।

11.18.16 (Punjabi)

**ਕੀ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ?**

ਇਨ੍ਹਾਂ ਸੇਮਿਆਂ ਬਾਰੇ ਹੋਰ ਜਾਣਕਾਰੀ ਲਈ 311 ਨੂੰ ਫ਼ੋਨ ਕਰੋ, ਜਾਂ (212) 788-7654 'ਤੇ ਕੰਮ ਦੇ ਘੰਟਿਆਂ ਦੇ ਦੌਰਾਨ ਸਿੱਧੇ ਪਰਵਾਸੀ ਮਾਮਲਿਆਂ ਦੇ ਮੇਅਰ ਦੇ ਦਫ਼ਤਰ (Mayor's Office of Immigrant Affairs) ਨੂੰ ਕਾਲ ਕਰੋ। ਦੁਭਾਸ਼ਿਏ ਦੀਆਂ ਸੇਵਾਵਾਂ ਉਪਲਬਧ ਹਨ।